Calgary

**ਕਿਰਪਾ ਕਰਕੇ ਪੜ੍ਹੋ**

# ਐਮਰਜੈਂਸੀ
## ਵਿੱਚ ਪਾਣੀ ਨੂੰ ਬੰਦ ਕੀਤਾ ਜਾਣਾ

**ਅਸੀਂ ਤੁਹਾਡੇ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਕਿਉਂਕਿ ਤੁਹਾਡਾ ਪਾਣੀ ਐਮਰਜੈਂਸੀ ਮੁਰੰਮਤ ਲਈ ਬੰਦ ਕਰ ਦਿੱਤਾ ਗਿਆ ਸੀ।**

ਮਿਤੀ ______________________________ ਸਮਾਂ ______ ਸਵੇਰੇ/ਸ਼ਾਮ

## ਮੈਨੂੰ ਕੀ ਕਰਨਾ ਚਾਹੀਦਾ ਹੈ?

- ਕਿਸੇ ਵੀ ਅਜਿਹੇ ਉਪਕਰਣ ਦੀ ਬਿਜਲੀ ਦੀ ਸਪਲਾਈ ਬੰਦ ਕਰ ਦਿਓ ਜੋ ਪਾਣੀ ਦੀ ਕਮੀ ਨਾਲ ਖਰਾਬ ਹੋ ਸਕਦੇ ਹਨ (ਜਿਵੇਂ ਕਿ ਆਈਸ ਮੇਕਰ, ਹਿਊਮਿਡੀਫਾਇਰ)।
- ਮੁਰੰਮਤ ਪੂਰੀ ਹੋਣ ਤੱਕ ਸਾਰੀਆਂ ਟੂਟੀਆਂ ਬੰਦ ਕਰ ਦਿਓ।
- ਆਪਣੇ ਟਾਇਲਟ ਬਾਊਲ ਵਿੱਚ ਸਿੱਧਾ ਪਾਣੀ ਪਾ ਕੇ ਆਪਣੇ ਟਾਇਲਟ ਦੀ ਵਰਤੋਂ ਜਾਰੀ ਰੱਖੋ।

## ਮੈਨੂੰ ਪਾਣੀ ਕਿੱਥੋਂ ਮਿਲ ਸਕਦਾ ਹੈ?

ਮੁਰੰਮਤ ਦੌਰਾਨ ਸੁਰੱਖਿਅਤ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਇੱਕ ਪਾਣੀ ਵਾਲੀ ਵੈਗਨ ਨੇੜੇ ਹੀ ਖੜ੍ਹੀ ਕੀਤੀ ਜਾਵੇਗੀ।




ਵੈਗਨ ਨੂੰ ਦੁਬਾਰਾ ਭਰਨ ਲਈ ਅਸਥਾਈ ਤੌਰ 'ਤੇ ਹਟਾਇਆ ਜਾ ਸਕਦਾ ਹੈ।

ਇਸ ਸਮੇਂ ਦੇ ਦੌਰਾਨ ਇੱਕ ਪਾਸ ਦਿੱਤਾ ਜਾਵੇਗਾ ਤਾਂ ਜੋ ਤੁਹਾਡਾ ਪਰਿਵਾਰ ਮੁਰੰਮਤ ਦੌਰਾਨ ਸਿਟੀ ਔਫ ਕੈਲਗਰੀ ਦੇ ਰੀਕ੍ਰਿਏਸ਼ਨ ਸੈਂਟਰ ਵਿੱਚ ਨਹਾਉਣ ਜਾ ਸਕੇ। ਕਿਰਪਾ ਕਰਕੇ ਆਪਣੇ ਪਾਸ ਲਈ ਸਾਡੇ ਕਰਮਚਾਰੀਆਂ ਦੁਆਰਾ ਛੱਡਿਆ ਗਿਆ ਡੋਰ ਹੈਂਗਰ ਵੇਖੋ।

ਪ੍ਰਵੇਸ਼ ਲਈ ਰੀਕ੍ਰਿਏਸ਼ਨ ਸੈਂਟਰ ਦੇ ਸਟਾਫ਼ ਨੂੰ ਇਹ ਡੋਰ ਹੈਂਗਰ ਦਿਖਾਓ।
**ਇਸ ਨੋਟਿਸ ਦੀ ਮਿਤੀ (ਉੱਪਰ ਦੇਖੋ) ਤੋਂ ਸੱਤ ਦਿਨਾਂ ਲਈ ਵੈਧ।**

## ਮੈਂ ਪਾਣੀ ਕਿਵੇਂ ਪ੍ਰਾਪਤ ਕਰਾਂ?

**1**



ਇੱਕ ਸਾਫ਼
ਕੰਟੇਨਰ ਵਰਤੋ

**2**



ਪਾਣੀ ਵਾਲੀ
ਵੈਗਨ 'ਤੇ ਜਾਓ

**3**



ਪਾਣੀ ਦਾ ਵਹਾਅ ਸ਼ੁਰੂ ਕਰਨ
ਲਈ ਲੀਵਰ ਨੂੰ ਦਬਾਓ

## ਜਦੋਂ ਪਾਣੀ ਵਾਪਸ ਆਉਂਦਾ ਹੈ

ਕਿਸੇ ਵੀ ਮਲਬੇ ਨੂੰ ਸਾਫ਼ ਕਰਨ ਲਈ ਆਪਣੇ ਸਿਸਟਮ ਨੂੰ ਫਲੱਸ਼ ਕਰਨਾ **ਮਹੱਤਵਪੂਰਨ** ਹੈ:

1. ਪਾਣੀ ਦਾ ਦਬਾਅ ਆਮ ਵਾਂਗ ਹੋਣ ਤੋਂ ਬਾਅਦ ਇੱਕ ਘੰਟਾ ਉਡੀਕ ਕਰੋ।
2. ਬਬਾਥਟਬ ਦੀ ਟੂਟੀ ਤੋਂ ਦਸ ਮਿੰਟਾਂ ਲਈ ਠੰਡਾ ਪਾਣੀ ਚਲਾ ਕੇ ਆਪਣੀਆਂ ਪਾਣੀ ਦੀਆਂ ਲਾਈਨਾਂ ਨੂੰ ਫਲੱਸ਼ ਕਰੋ। ਫਿਰ ਬਾਕੀ ਸਾਰੀਆਂ ਟੂਟੀਆਂ ਤੋਂ ਪੰਜ ਮਿੰਟਾਂ ਲਈ ਠੰਡਾ ਪਾਣੀ ਚਲਾਓ।
3. ਸਾਰੀਆਂ ਟੂਟੀਆਂ ਦੀਆਂ ਸਕਰੀਨਾਂ ਨੂੰ ਸਾਫ਼ ਅਤੇ ਰੋਗਾਣੂ ਮੁਕਤ ਕਰੋ, ਪਹਿਲਾਂ ਸਾਬਣ ਵਾਲੇ ਪਾਣੀ ਨਾਲ ਅਤੇ ਫਿਰ ਬਲੀਚ ਦੇ ਘੋਲ (ਇੱਕ ਹਿੱਸਾ ਬਲੀਚ ਤੋਂ ਨੌਂ ਹਿੱਸੇ ਪਾਣੀ) ਵਿੱਚ ਦਸ ਮਿੰਟਾਂ ਲਈ।
4. ਪਾਣੀ ਦੇ ਫਿਲਟਰਾਂ ਨੂੰ ਰੋਗਾਣੂ ਮੁਕਤ ਕਰਨ ਲਈ ਆਪਣੇ ਫਰਿੱਜ ਦੀਆਂ ਹਦਾਇਤਾਂ ਦੀ ਪਾਲਣਾ ਕਰੋ ਅਤੇ ਆਪਣੇ ਫਰਿੱਜ ਦੇ ਆਈਸ ਮੇਕਰ ਦੁਆਰਾ ਬਣਾਏ ਗਏ ਸਾਰੇ ਆਈਸ ਕਿਊਬ ਸੁੱਟ ਦਿਓ।

## ਮੈਨੂੰ 311 'ਤੇ ਕਦੋਂ ਕਾਲ ਕਰਨੀ ਚਾਹੀਦੀ ਹੈ?

- ਜੇਕਰ ਤੁਸੀਂ ਪਾਣੀ ਵਾਲੀ ਵੈਗਨ ਦੀ ਵਰਤੋਂ ਨਹੀਂ ਕਰ ਸਕਦੇ।
- ਜੇਕਰ ਪਾਣੀ ਵਾਲੀ ਵੈਗਨ ਖਰਾਬ ਹੈ ਜਾਂ ਖਾਲੀ ਹੈ।
- ਜੇਕਰ ਤੁਹਾਡੇ ਮੁਰੰਮਤ ਦੀ ਸਥਿਤੀ ਬਾਰੇ ਕੋਈ ਸਵਾਲ ਹਨ।
- ਜੇਕਰ ਫਲੱਸ਼ ਕਰਨ ਤੋਂ ਬਾਅਦ ਤੁਹਾਡਾ ਪਾਣੀ ਸਾਫ਼ ਨਹੀਂ ਹੁੰਦਾ।



## ਹੋਰ ਜਾਣਕਾਰੀ ਦੀ ਲੋੜ ਹੈ?

ਪਾਣੀ ਵਾਲੇ ਵੈਗਨ ਦੇ ਟਿਕਾਣਿਆਂ ਅਤੇ ਮੁਰੰਮਤ ਬਾਰੇ ਅੱਪਡੇਟਾਂ ਲਈ **calgary.ca/wateroutages** 'ਤੇ ਜਾਓ।

ਇਹਨਾਂ ਹਦਾਇਤਾਂ ਨੂੰ ਔਨਲਾਈਨ ਅਰਬੀ, ਚੀਨੀ, ਹਿੰਦੀ, ਪੰਜਾਬੀ ਅਤੇ ਉਰਦੂ ਵਿੱਚ ਪ੍ਰਾਪਤ ਕਰੋ।

25-0048353 | CRV-38775